ਰੋਜ਼ਾਨਾ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ


# ਪੰਜਾਬੀ ਦੁਨੀਆ

PUNJABI DUNIYA

Daily

Since April 2005 Editor : Sharanjit Singh Thind

Vol. 15 Issue 19 Friday, 12March ,2021 www.PUNJABIDUNIYA.com Published Weekly from New York


# ਸਿੱਖ ਜਥਿਆਂ ਦੀ ਸੁਰੱਖਿਆ ਬਾਰੇ ਭਾਰਤੀ ਖਦਸ਼ਿਆਂ ‘ਤੇ ਪਾਕਿਸਤਾਨ ਦਾ ਜਵਾਬ ਅਤੇ ਵਿਸਾਖੀ ਦਾ ਸੱਦਾ

ਪਾਕਿਸਤਾਨ ਨੇ ਵੀਰਵਾਰ ਨੂੰ ਭਾਰਤ ਤੋਂ ਪਾਕਿਸਤਾਨ ਜਾਣ ਵਾਲੇ ਸਿੱਖ ਜਥਿਆਂ ਦੀ ਸੁਰੱਖਿਆ ਬਾਰੇ ਭਾਰਤ ਸਰਕਾਰ ਦੇ ਖਦਸਿਆਂ ਦਾ ਜਵਾਬ ਦਿੱਤਾ। ਪਾਕਿਸਤਾਨ ਦੇ ਵਿਦੇਸ ਮੰਤਰਾਲੇ ਨੇ ਕਿਹਾ ਕਿ ਉੱਥੇ ਜਥਿਆਂ ਦਾ ਪੂਰਾ ਖਿਆਲ ਰੱਖਿਆ ਜਾਂਦਾ ਹੈ। ਪਾਕਿਸਤਾਨ ਦੇ ਅੰਗਰੇਜੀ ਅਖਬਾਰ ਦਿ ਡਾਅਨ ਦੀ ਖਬਰ ਦੇ ਮੁਤਾਬਕ ਵਿਦੇਸ ਮੰਤਰਾਲੇ ਦੇ ਤਰਜਮਾਨ ਜਾਹਿਦ ਹਾਫੀਜ ਚੌਧਰੀ ਨੇ ਕਿਹਾ,“ਪਾਕਿਸਤਾਨ ਆਪਣੇ ਧਰਮ ਸਥਾਨਾਂ ਦੀ ਯਾਤਰਾ ਕਰਨ ਆਉਣ ਵਾਲੇ ਭਾਰਤ ਸਮੇਤ ਦੁਨੀਆਂ ਭਰ ਦੇ ਸਿੱਖ ਯਾਤਰੀਆਂ ਦਾ ਪੂਰਾ ਖਿਆਲ ਰਖਦਾ ਹੈ।“ ਭਾਰਤ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦਿਆਂ ਨਨਕਾਣਾ ਸਾਹਿਬ ਦੇ ਸਹੀਦੀ ਸਾਕੇ ਦੀ 100 ਵੀਂ ਯਾਦਗਾਰ ਮੌਕੇ 18-25 ਫਰਵਰੀ ਨੂੰ ਲਗਭਗ 600 ਸਿੱਖ ਯਾਤਰੀਆਂ ਨੂੰ ਪਾਕਿਸਤਾਨ ਜਾਣ ਦੀ ਇਜਾਜਤ ਨਹੀਂ ਦਿੱਤੀ ਸੀ। ਉਨ੍ਹਾਂ ਨੇ ਕਿਹਾ ਕਿ ਸਿੱਖ ਕਰਤਾਰਪੁਰ ਲਾਂਘੇ ਨੂੰ ਮੁਕੰਮਲ ਕਰਨ



ਵਿੱਚ ਪਾਕਿਸਤਾਨ ਦੀਆਂ ਕੋਸਸਿਾਂ ਅਤੇ ਸਰਧਾਲੂਆਂ ਲਈ ਕੀਤੇ ਬੰਦੋਬਸਤਾਂ ਦੀ ਤਾਰੀਫ ਕਰਦੇ ਹਨ। ਚੌਧਰੀ ਨੇ ਕਿਹਾ ਕਿ ਕਿਹਾ ਕਿ ਪਾਕਿਸਤਾਨ ਨੇ ਸਿੱਖਾਂ ਦੀ ਸਹੂਲਤ ਲਈ ਕਰਤਾਰਪੁਰ ਖੋਲ੍ਹਿਆ ਸੀ। ਜਿਸ ਦੀ ਸਿੱਖਾਂ ਤੋਂ ਇਲਾਵਾ ਕੌਮਾਂਤਰੀ ਭਾਈਚਾਰੇ ਨੇ ਵੀ ਸਲਾਘਾ ਕੀਤੀ ਸੀ। ਤਰਜਮਾਨ ਨੇ ਕਿਹਾ ਕਿ ਭਾਰਤ ਨੂੰ ਵੀ ਚਾਹੀਦਾ ਹੈ ਕਿ ਉਹ ਸਿੱਖ ਯਾਤਰੀਆਂ ਦੇ ਪਾਕਿਸਤਾਨ ਵਿੱਚ ਧਾਰਮਿਕ ਸਥਾਨਾਂ ਦੀ ਯਾਤਰਾ ਵਿੱਚ ਸਹਿਯੋਗ ਕਰੇ। ਦੂਜੇ ਪਾਸੇ ਦਿ ਟ੍ਰਿਬਿਊਨ ਦੀ ਖਬਰ ਮੁਤਾਬਕ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸਾਖੀ ਮੌਕੇ ਪਾਕਿਸਤਾਨ ਆਉਣ ਦਾ ਸੱਦਾ ਭੇਜਿਆ ਹੈ। ਪ੍ਰਧਾਨ ਬੀਬੀ ਜਗੀਰ ਕੌਰ ਨੇ ਇਸ ਦੀ ਪੁਸਟੀ ਕੀਤੀ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਜਥਾ 12 ਅਪ੍ਰੈਲ ਨੂੰ ਪਾਕਿਸਤਾਨ ਜਾ ਸਕਦਾ ਹੈ ਅਤੇ 22 ਅਪ੍ਰੈਲ ਨੂੰ ਵਾਪਸ ਆਵੇਗਾ। ਪਾਕਿਸਤਾਨ ਵਿੱਚ ਵਿਸਾਖੀ ਦਾ ਮੁੱਖ ਸਮਾਗਮ ਗੁਰਦੁਆਰਾ ਪੰਜਾ ਸਾਹਿਬ ਵਿੱਚ ਰੱਖਿਆ ਗਿਆ ਹੈ।

## ਕਵਾਡ ਸਿਖਰ ਸੰਮੇਲਨ ‘ਚ ਕੋਰੋਨਾ ਟੀਕੇ ਸੰਬੰਧੀ ਕਿਸੇ ਫੈਸਲੇ ‘ਤੇ ਪਹੁੰਚਣ ਦੀ ਆਸ : ਅਮਰੀਕਾ

ਵਾਸ਼ਿੰਗਟਨ : ਭਾਰਤ, ਆਸਟ੍ਰੇਲੀਆ, ਜਾਪਾਨ ਅਤੇ ਅਮਰੀਕਾ ਦੇ ਨੇਤਾਵਾਂ ਵਿਚਾਲੇ ਸ਼ੁੱਕਰਵਾਰ ਨੂੰ ਹੋਣ ਵਾਲੇ ਪਹਿਲੇ ਕਵਾਡ ਸਿਖਰ ਸੰਮੇਲਨ ਵਿਚ ਕੋਰੋਨਾ ਵਾਇਰਸ ਟੀਕੇ ਸਬੰਧੀ ਕਿਸੇ ਫੈਸਲੇ ‘ਤੇ ਪਹੁੰਚਣ ਦੀ ਸੰਭਾਵਨਾ ਹੈ। ਅਮਰੀਕਾ ਦੇ ਇਕ ਸੀਨੀਅਰ ਡਿਪਲੋਮੈਟ ਨੇ ਬੁੱਧਵਾਰ ਨੂੰ ਇਹ ਸੰਕੇਤ ਦਿੱਤਾ। ਅਮਰੀਕੀ ਵਿਦੇਸ਼ ਮੰਤਰੀ ਟੋਨੀ ਬਲਿੰਕਨ ਨੇ ਸੰਸਦ ਵਿਚ ਸੁਣਵਾਈ ਦੌਰਾਨ ਸਾਂਸਦਾਂ ਨੂੰ ਕਿਹਾ,“ਸ਼ੁੱਕਰਵਾਰ ਨੂੰ ਕਵਾਡ ਦੀ ਬੈਠਕ ਹੋਣ ਵਾਲੀ ਹੈ। ਮੈਨੂੰ ਅਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਆਸ ਹੈ ਕਿ ਸਿਖਰ ਸੰਮੇਲਨ ਵਿਚ ਕੋਰੋਨਾ ਟੀਕੇ ਸੰਬੰਧੀ ਕੋਈ ਨਤੀਜਾ ਨਿਕਲ ਕੇ ਆਵੇਗਾ। ਟੀਕੇ ਤੱਕ ਵੱਧ ਤੋਂ ਵੱਧ ਪਹੁੰਚ ਬਣਾਉਣ ਲਈ ਅਸੀਂ ਇਕ ਚੋਟੀ ਦੇ ਅੰਤਰਰਾਸਟਰੀ ਕਾਰਕ ਦੇ ਤੌਰ ‘ਤੇ ਖੁਦ ਨੂੰ ਸਥਾਪਿਤ ਕਰਨ ਲਈ ਕੰਮ ਕਰ ਰਹੇ ਹਾਂ।“ ਭਾਰਤੀ ਮੂਲ ਦੇ ਅਮਰੀਕੀ ਸਾਂਸਦ ਡਾਕਟਰ ਐਮੀ ਬੇਰਾ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਬਲਿੰਕਨ ਨੇ ਇਹ ਗੱਲਾਂ ਕਹੀਆਂ। ਬੇਰਾ ਨੇ ਕਿਹਾ,“ਮੈਂ ਕਵਾਡ ਦੇ ਮਹੱਤਵ ਅਤੇ ਭਾਰਤ, ਜਾਪਾਨ ਅਤੇ ਆਸਟ੍ਰੇਲੀਆ ਨਾਲ ਖੇਤਰ ਵਿਚ ਸਾਡੇ ਕਵਾਡਾ ਸੰਬੰਧਾਂ ‘ਤੇ ਪ੍ਰਸ਼ਾਸਨ ਦੀ ਭੂਮਿਕਾ ਦੇ ਮਹੱਤਵ ਨੂੰ ਵੀ ਰੇਖਾਂਕਿਤ ਕਰਨਾ ਚਾਹੁੰਦਾ ਹਾਂ ਪਰ ਪਹਿਲਾਂ ਮੈਂ ਇਕ ਡਾਕਟਰ ਹਾਂ ਅਤੇ ਤੁਸੀਂ ਜਾਣਦੇ ਹੋ ਕਿ ਇਕ ਡਾਕਟਰ ਹੋਣ ਦੇ ਨਾਤੇ ਮੇਰੀ ਦਿਲਚਸਪੀ ਮਹਾਮਾਰੀ ਨਾਲ ਨਜਿੱਠਣ ਵਿਚ ਸਿਹਤ ਸੰਬੰਧੀ ਤਿਆਰੀਆਂ ‘ਤੇ ਰਹੀ ਹੈ।‘


### ਕਿਸਾਨ ਅੰਦੋਲਨ ਦੀ ਬਰਤਾਨਵੀ ਸੰਸਦ ’ਚ ਗੂੰਜ

## ਭਾਰਤ ’ਚ ਪ੍ਰੈੱਸ ਦੀ ਅਜ਼ਾਦੀ ਨੂੰ ਖ਼ਤਰਾ ਤੇ ਦੁਨੀਆ ਦੇ ਸਭ ਤੋਂ ਜ਼ਮਹੂਰੀ ਮੁਲਕ ’ਚ ਸਭ ਅੱਛਾ ਨਹੀਂ

ਨਵੀਂ ਦਿੱਲੀ : ਇੰਗਲੈਂਡ ਦੀ ਸੰਸਦ ਵਿੱਚ ਕਿਸਾਨ ਅੰਦੋਲਨ ਨੂੰ ਮੈਂਬਰਾਂ ਨੇ ਬੜੀ ਗੰਭੀਰਤਾ ਨਾਲ ਉਠਾਇਆ ਹੈ। ਹਾਲਾਂ ਕਿ ਸੰਸਦ ਮੈਂਬਰਾਂ ਨੇ ਕਿਹਾ ਕਿ ਭਾਵੇਂ ਇਹ ਮਾਮਲਾ ਭਾਰਤ ਦਾ ਅੰਦਰੂਨੀ ਹੈ ਪਰ ਇਹ ਮਨੁੱਖੀ ਅਧਿਕਾਰਾਂ ਨਾਲ ਵੀ ਸਿੱਧੇ ਤੌਰ ’ਤੇ ਜੁੜਿਆ ਹੋਇਆ ਹੈ। ਜਲੰਧਰ ਨਾਲ ਸਬੰਧਿਤ ਤਨਮਨਜੀਤ ਸਿੰਘ ਢੇਸੀ, ਵਰਿੰਦਰ ਸ਼ਰਮਾ ਅਤੇ ਪ੍ਰੀਤ ਕੌਰ ਗਿੱਲ ਦੇ ਨਾਲ ਨਾਲ ਖਾਲਿਦ ਮਹਿਮੂਦ ਨੇ ਵੀ ਇਸ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ। ਹਲਕਾ ਸਲੋਅ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਹਰ ਕਿਸੇ ਨੂੰ ਪ੍ਰਦਰਸ਼ਨ ਕਰਨ ਦਾ ਹੱਕ ਹੈ। ਸੈਂਕੜੇ ਕਿਸਾਨ ਅੰਦੋਲਨ ਕਰਦੇ ਹੋਏ ਆਪਣੀ ਜਾਨ ਗਵਾ ਚੁੱਕੇ ਹਨ। ਦਿੱਲੀ ਦੇ ਬਾਰਡਰਾਂ ’ਤੇ ਬੱਚੇ, ਔਰਤਾਂ ਅਤੇ ਬਜ਼ੁਰਗ ਵੀ ਪ੍ਰਦਰਸ਼ਨ ਦਾ ਹਿੱਸਾ ਹਨ। ਕਈ ਪੱਤਰਕਾਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਸਮਾਜਿਕ ਕਾਰਕੁੰਨਾਂ ’ਤੇ ਵੀ ਤਸ਼ੱਦਦ ਢਾਹੇ ਗਏ ਹਨ। ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਵਾਲੇ ਕਿਸਾਨਾਂ ’ਤੇ ਕਈ ਤਰ੍ਹਾਂ ਦੇ ਇਲਜ਼ਾਮ ਵੀ ਲਗਾਏ ਜਾ ਰਹੇ ਹਨ। ਇਸ ਅੰਦੋਲਨ ਵਿਚ ਸਿੱਖ ਵੱਡੀ ਗਿਣਤੀ ਵਿਚ ਸ਼ਾਮਲ ਹਨ। ਇਸ ਲਈ ਉਨ੍ਹਾਂ ਨੂੰ ਵੱਖਵਾਦੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਬ੍ਰਿਟਿਸ਼ ਸੰਸਦ ਦੀ ਇਹ ਹੀ ਖਾਸ ਗੱਲ ਹੈ ਕਿ ਅਸੀਂ ਦੇਸ਼ ਹੀ ਨਹੀਂ, ਦੁਨੀਆ ਦੇ ਮੁੱਦਿਆਂ ਦੇ ਬਾਰੇ ਵੀ ਚਰਚਾ ਕਰਦੇ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਾ ਸਾਡਾ ਸਭ ਦਾ ਫਰਜ਼ ਹੈ। ਕੁਝ ਸੰਸਦ ਮੈਂਬਰਾਂ ਨੇ ਕਿਹਾ ਕਿ ਕੋਈ ਵੀ ਹਿੰਸਾ ਦੀ ਵਕਾਲਤ ਨਹੀਂ ਕਰਦਾ ਪਰ ਇਸ ਮਸਲੇ ਦਾ ਜਲਦ ਹੱਲ ਨਿਕਲਣਾ ਚਾਹੀਦਾ ਹੈ। ਖੇਤੀ ਕਾਨੂੰਨ ਠੀਕ ਜਾਂ ਗਲਤ ਵੱਖਰਾ ਮਾਮਲਾ ਹੈ ਪਰ ਮਨੁੱਖੀ ਹੱਕਾਂ ਲਈ ਉਹ ਕਿਸਾਨਾਂ ਨਾਲ ਹਨ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਨੌਦੀਪ ਕੌਰ ਅਤੇ ਦਿਸ਼ਾ ਰਵੀ ਵਰਗੇ ਕਾਰਕੁੰਨਾਂ ਦੀ ਗ੍ਰਿਫ਼ਤਾਰੀ ਅਤੇ ਪੱਤਰਕਾਰਾਂ ਖਿਲਾਫ ਸਖ਼ਤ ਕਾਰਵਾਈ ਭਾਰਤ ਵਿਚ ਪ੍ਰੈਸ ਦੀ ਅਜ਼ਾਦੀ ਖ਼ਤਰੇ ਵਿਚ ਹੋਣ ਦੇ ਸੰਕੇਤ ਹਨ। ਇੰਝ ਲੱਗਦਾ ਹੈ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਸਭ ਕੁਝ ਅੱਛਾ ਨਹੀਂ ਹੈ। ਇਸ ਲਈ ਬ੍ਰਿਟੇਨ ਸਰਕਾਰ ਨੂੰ ਦਖਲ ਦੇਣਾ ਚਾਹੀਦਾ ਹੈ ਅਤੇ ਮਸਲੇ ਦੇ ਹੱਲ ਲਈ ਭਾਰਤ ਸਰਕਾਰ ਦੀ ਮਦਦ ਕਰਨੀ ਚਾਹੀਦੀ ਹੈ। ਬਰਤਾਨਵੀ ਸੰਸਦ ਮੈਂਬਰ ਖਾਲਿਦ ਮਹਿਮੂਦ ਨੇ ਕਿਹਾ ਕਿ ਇਹ ਕਾਫੀ ਅਹਿਮ ਅਤੇ ਗੰਭੀਰ ਮਸਲਾ ਹੈ। ਇਹ ਕਿਸਾਨਾਂ ਦੀ ਰੋਜ਼ੀ-ਰੋਟੀ ਦਾ ਮੁੱਦਾ ਹੈ। ਵੱਡੀ ਗਿਣਤੀ ’ਚ ਕਿਸਾਨ ਕਰਜ਼ੇ ਦੇ ਹੇਠਾਂ ਆ ਕੇ ਆਤਮਹੱਤਿਆ ਕਰ ਚੁੱਕੇ ਹਨ। ਇਸ ਸ਼ਾਂਤਮਈ ਅੰਦੋਲਨ ’ਚ ਔਰਤਾਂ, ਬੱਚੇ ਅਤੇ ਬਜ਼ੁਰਗ ਵੀ ਸ਼ਾਮਲ ਹਨ। ਕਈ ਬਾਹਰੀ ਸ਼ਰਾਰਤੀ ਤੱਤ ਉਨ੍ਹਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਭਾਰਤੀ ਹਾਈ ਕਮਿਸ਼ਨ ਨੇ ਕਿਸਾਨ ਅੰਦੋਲਨ ਨਾਲ ਜੁੜੇ ਮੁੱਦੇ ’ਤੇ ਯੂਕੇ ’ਚ ਚਲਾਈ ਗਈ ਈ-ਪਟੀਸ਼ਨ ਮੁਹਿੰਮ ਦੇ ਜਵਾਬ ਵਿੱਚ ਕਿਹਾ ਹੈ ਕਿ ਯੂਕੇ ਦੀ ਸੰਸਦ ਵਿੱਚ ਸੰਸਦ ਮੈਂਬਰਾਂ ਵਿਚਾਲੇ ਹੋਈ ਚਰਚਾ ਇੱਕਪਾਸੜ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਗੱਲ ’ਤੇ ਅਫਸੋਸ ਹੈ ਕਿ ਸੰਤੁਲਿਤ ਬਹਿਸ ਦੀ ਬਜਾਇ, ਝੂਠੇ ਦਾਅਵੇ, ਬਿਨਾਂ ਪੁਸ਼ਟੀ ਵਾਲੇ ਤੱਥਾਂ ਨੂੰ ਆਧਾਰ ਬਣਾ ਕੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਢਾਹ ਲਗਾਈ ਹੈ।




# ਇਕ ਪ੍ਰਧਾਨ ਮੰਤਰੀ ਤੇ ਉਸ ਦੀਆਂ ਖ਼ਾਹਿਸ਼ਾਂ

ਇਕ ਵਾਰ ਦੀ ਗੱਲ ਹੈ ਕਿ ਨਰਿੰਦਰ ਨਾਂ ਦਾ ਇਕ ਰਾਜਾ ਹੁੰਦਾ ਸੀ। ਉਹ ਇਕ ਵੱਡੇ ਰਾਜ ਖੇਤਰ 'ਤੇ ਰਾਜ ਕਰਦਾ ਸੀ ਜਿੱਥੇ (ਹੋਰਨਾਂ ਸ਼ੈਆਂ ਤੋਂ ਇਲਾਵਾ) ਹਿੰਦੂ ਧਰਮ ਦੇ ਸਭ ਤੋਂ ਪਵਿੱਤਰ ਧਾਮ ਸਥਿਤ ਸਨ। ਆਪਣੀ ਖ਼ਾਨਦਾਨੀ ਪਰੰਪਰਾ ਅਤੇ ਇਸ ਮਹਾਨ ਮੰਦਰ ਦੇ ਸਰਪ੍ਰਸਤ ਵਜੋਂ ਉੱਥੋਂ ਦੀ ਪਰਜਾ ਉਸ ਨੂੰ ਦੈਵੀ ਅਵਤਾਰ ਮੰਨਦੀ ਸੀ। ਉਂਜ, ਭਾਵੇਂ ਉਸ ਦੀ ਪੁਸ਼ਤੈਨੀ ਹੈਸੀਅਤ ਸਦਕਾ ਉਸ ਨੂੰ ਸਰਬਉੱਚ ਪਦਵੀ ਹਾਸਲ ਸੀ ਪਰ ਤਾਂ ਵੀ ਰਾਜਾ ਬੇਚੈਨ ਰਹਿੰਦਾ ਸੀ। ਉਸ ਦੀ ਇੱਛਾ ਸੀ ਕਿ ਉਹ ਆਪਣੇ ਤੋਂ ਪਹਿਲਾਂ ਅਤੇ ਆਪਣੇ ਤੋਂ ਬਾਅਦ ਇਸ ਰਾਜਗੱਦੀ 'ਤੇ ਬੈਠਣ ਵਾਲੇ ਰਾਜਿਆਂ ਤੋਂ ਬਿਲਕੁਲ ਨਿਵੇਕਲਾ ਨਜ਼ਰ ਆਉਣਾ ਚਾਹੀਦਾ ਹੈ। ਇਸ ਲਈ ਸਾਡੇ ਉਸ ਮਹਾਨ ਰਾਜੇ ਨੇ ਆਪਣੇ ਅਤੇ ਆਪਣੀ ਪਰਜਾ ਲਈ ਇਕ ਨਵੀਂ ਰਾਜਧਾਨੀ ਦਾ ਨਿਰਮਾਣ ਕਰਵਾਇਆ। ਇਸ ਨੂੰ ਉਨ੍ਹਾਂ ਨਰਿੰਦਰਨਗਰ ਦਾ ਨਾਂ ਦਿੱਤਾ।

ਇਹ ਕੋਈ ਮਿਥਿਹਾਸਕ ਜਾਂ ਪ੍ਰਾਚੀਨ ਕਹਾਣੀ ਨਹੀਂ ਹੈ। ਇਹ ਬਿਲਕੁਲ ਸੱਚੀ ਕਹਾਣੀ ਹੈ ਅਤੇ ਜੋ ਘਟਨਾਵਾਂ ਮੈਂ ਬਿਆਨ ਕੀਤੀਆਂ ਹਨ, ਉਹ ਇਕ ਸਦੀ ਪਹਿਲਾਂ ਇੰਨ-ਬਿੰਨ ਵਾਪਰੀਆਂ ਸਨ। ਉਹ ਸੀ ਟੀਹਰੀ ਗੜ੍ਹਵਾਲ ਦਾ ਰਾਜਾ ਨਰਿੰਦਰ ਸ਼ਾਹ ਜਿਸ ਦਾ ਸ਼ਾਹੀ ਪਰਿਵਾਰ ਬਦਰੀਨਾਥ ਮੰਦਰ ਦਾ ਕੰਟਰੋਲ ਕਰਦਾ ਸੀ। ਉਸ ਦੇ ਨਾਂ 'ਤੇ ਬਣੀ ਰਾਜਧਾਨੀ ਦਾ ਨਿਰਮਾਣ 1919 ਵਿਚ ਮੁਕੰਮਲ ਹੋਇਆ ਸੀ। ਮੇਰਾ ਬਚਪਨ ਵੀ ਗੜ੍ਹਵਾਲ ਦੀਆਂ ਪਹਾੜੀਆਂ 'ਚ ਪ੍ਰਵਾਨ ਚੜ੍ਹਿਆ ਸੀ ਤੇ ਮੈਂ ਅਕਸਰ ਨਰਿੰਦਰਨਗਰ ਦੇਖਣ ਜਾਇਆ ਕਰਦਾ ਸਾਂ। ਮੈਂ ਜਦੋਂ ਅਹਿਮਦਾਬਾਦ ਵਿਚ ਇਕ ਵੱਡੇ ਕ੍ਰਿਕਟ ਸਟੇਡੀਅਮ ਅਤੇ ਇਸ ਦਾ ਨਾਂ ਨਰਿੰਦਰ ਮੋਦੀ ਦੇ ਨਾਂ 'ਤੇ ਰੱਖਣ ਦੀਆਂ ਗੱਲਾਂ ਸੁਣੀਆਂ ਤਾਂ ਮੈਨੂੰ ਉਸ ਰਾਜਧਾਨੀ, ਉਸ ਦੇ ਉਥਾਨ ਦੀਆਂ ਕਹਾਣੀਆਂ ਚੇਤੇ ਆ ਗਈਆਂ। ਹਾਲਾਂਕਿ ਕ੍ਰਿਕਟ ਸਟੇਡੀਅਮ ਦਾ ਨਾਂ ਕਿਵੇਂ ਰੱਖਿਆ ਗਿਆ, ਇਸ ਦੇ ਪੂਰੇ ਵੇਰਵੇ ਸ਼ਾਇਦ ਲੋਕਾਂ ਸਾਹਮਣੇ ਕਦੇ ਵੀ ਨਾ ਆ ਸਕਣ। ਇਕ ਬਰਤਾਨਵੀ ਅਖ਼ਬਾਰ ਨੇ ਆਪਣੀ ਖ਼ਬਰ ਦਾ ਸਿਰਲੇਖ ਇੰਜ ਦਿੱਤਾ 'ਨਰਿੰਦਰ ਮੋਦੀ ਨੇ ਖ਼ੁਦ ਸਟੇਡੀਅਮ ਦਾ ਮੁੜ ਨਾਮਕਰਨ ਕਰਵਾਇਆ'। ਇਸ ਗੱਲ ਦੇ ਸੰਕੇਤ ਮਿਲੇ ਹਨ ਕਿ ਇਸ ਦਾ ਮੂਲ ਵਿਚਾਰ ਇਕ ਗੁਜਰਾਤੀ ਸਿਆਸਤਦਾਨ ਨੇ ਦਿੱਤਾ ਸੀ ਜਿਸ ਦਾ ਭਾਰਤੀ ਕ੍ਰਿਕਟ ਪ੍ਰਸ਼ਾਸਨ ਵਿਚ ਮਜ਼ਬੂਤ ਪਰਿਵਾਰਕ ਹਿੱਤ ਜੁੜਿਆ ਹੋਇਆ ਹੈ ਤੇ ਜੋ ਸ਼ਾਇਦ ਆਪਣੇ ਬੌਸ ਦੀ ਖ਼ੁਸ਼ਾਮਦ ਕਰ ਕੇ ਪੁੱਤਰ ਮੋਹ ਕਰਕੇ ਹੋ ਰਹੀ ਨੁਕਤਾਚੀਨੀ ਦਾ ਮੂੰਹ ਬੰਦ ਕਰਾਉਣਾ ਚਾਹੁੰਦਾ ਹੈ। ਕੁਝ ਵੀ ਹੋਵੇ, ਇਕ ਅਖੌਤੀ ਲੋਕਤੰਤਰ ਦੇ ਮੌਜੂਦਾ ਪ੍ਰਧਾਨ ਮੰਤਰੀ ਵੱਲੋਂ ਇਸ ਕਿਸਮ ਦੇ ਨਾਮਕਰਨ ਦੀ ਖੁੱਲ੍ਹ ਜਾਂ ਹੱਲਾਸ਼ੇਰੀ ਦੇਣਾ ਖ਼ੁਦਪ੍ਰਸਤੀ ਦਾ ਅਜਿਹਾ ਬੱਜਰ ਕਾਰਾ (ਜਿਸ ਦੀਆਂ ਟਵਿੱਟਰ 'ਤੇ ਝਟਪਟ ਧੁੰਮਾਂ ਪੈ ਗਈਆਂ) ਹੈ ਜਿਸ ਦੀ ਮਿਸਾਲ ਅਡੌਲਫ ਹਿਟਲਰ ਤੋਂ ਛੁੱਟ ਹੋਰ ਕਿਤੋਂ ਨਹੀਂ ਮਿਲਦੀ ਜਿਸ ਨੇ ਖ਼ੁਦ 1930ਵਿਆਂ ਵਿਚ ਸਟੱਟਗਾਰਟ ਵਿਚ ਆਪਣੇ ਨਾਂ 'ਤੇ ਇਕ ਫੁੱਟਬਾਲ ਸਟੇਡੀਅਮ ਦਾ ਨਾਮਕਰਨ ਕੀਤਾ ਸੀ। 'ਦਿ ਵਾਇਰ' ਦੀ ਇਕ ਰਿਪੋਰਟ ਤੋਂ ਪਤਾ ਚੱਲਿਆ ਹੈ ਕਿ ਹਿਟਲਰ ਦੇ ਸਾਥੀ ਤਾਨਾਸ਼ਾਹ ਮੁਸੋਲਿਨੀ, ਸੱਦਾਮ ਹੁਸੈਨ ਅਤੇ ਕਿਮ ਦੋਇਮ ਸੁੰਗ ਨੇ ਵੀ ਸੱਤਾ ਵਿਚ ਹੁੰਦਿਆਂ ਆਪਣੇ ਨਾਂ 'ਤੇ ਸਟੇਡੀਅਮ ਬਣਵਾਏ ਸਨ।

ਸਾਰੇ ਸਿਆਸਤਦਾਨ ਗ਼ਰੂਰ ਦੇ ਮਾਰੇ ਹੁੰਦੇ ਹਨ। ਇਨ੍ਹਾਂ ਦਾ ਪੇਸ਼ਾ ਹੀ ਕੁਝ ਇਸ ਤਰ੍ਹਾਂ ਦਾ ਹੁੰਦਾ ਹੈ। ਬਹਰਹਾਲ, ਕਿਸੇ ਗਣਰਾਜ ਵਿਚ ਸਿਆਸਤਦਾਨਾਂ ਨੂੰ ਜਮਹੂਰੀ ਰਸਮਾਂ ਦੀ ਅਹਿਮੀਅਤ ਦਾ ਅਹਿਸਾਸ ਰੱਖਣਾ ਪੈਂਦਾ ਹੈ ਅਤੇ ਉਹ ਆਪਣੇ ਆਪ ਨੂੰ ਆਪਣੇ ਅਹੁਦੇ ਤੋਂ ਕਦੇ ਵੀ ਵੱਡੇ ਬਣਨ ਦੀ ਆਗਿਆ ਨਹੀਂ ਦਿੰਦੇ। ਹਾਲਾਂਕਿ ਕੋਈ ਰਾਜਾ ਆਪਣੇ ਆਪ ਨੂੰ ਆਪਣੇ ਰਾਜ ਨਾਲ ਤਸ਼ਬੀਹ ਦੇ ਸਕਦਾ ਹੈ, ਪਰ ਜਮਹੂਰੀ ਢੰਗ ਨਾਲ ਚੁਣਿਆ ਗਿਆ ਕੋਈ ਪ੍ਰਧਾਨ ਮੰਤਰੀ (ਜਾਂ ਰਾਸ਼ਟਰਪਤੀ) ਕਦੇ ਵੀ ਆਪਣੇ ਆਪੇ ਦਾ ਆਪਣੇ ਦੇਸ ਨਾਲ ਮੁਕਾਬਲਾ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਉਂਜ, ਇਹ ਵੀ ਨਹੀਂ ਕਿ ਦੁਨੀਆ ਦੇ ਸਭ ਤੋਂ ਪੁਰਾਣੇ ਗਣਰਾਜਾਂ ਦੇ ਸਿਆਸਤਦਾਨਾਂ ਨੇ ਹਮੇਸ਼ਾਂ ਇਹ ਸਬਕ ਯਾਦ ਰੱਖਿਆ ਹੋਵੇ। ਰਾਸ਼ਟਰਪਤੀ ਚਾਰਲਸ ਡੀ ਗਾੱਲ ਆਪਣੇ ਆਪ ਨੂੰ ਹੀ ਫਰਾਂਸ ਦੱਸਿਆ ਕਰਦਾ ਸੀ। ਅਮਰੀਕੀ ਇਤਿਹਾਸਕਾਰ ਆਰਥਰ ਸ਼ਲੈਸਿੰਗਰ ਜੂਨੀਅਰ ਨੇ ਆਪਣੇ ਦੇਸ ਨਾਲ ਤਸ਼ਬੀਹ ਦੇਣ ਵਾਲੇ ਤੇ ਰਾਜਿਆਂ ਦੀ ਤਰ੍ਹਾਂ ਸ਼ਾਸਨ ਕਰਨ ਵਾਲੇ ਆਗੂਆਂ ਲਈ ਇਕ 'ਸ਼ਾਹੀ ਸਦਰੀਅਤ' ਦਾ ਫ਼ਿਕਰਾ ਘੜਿਆ ਸੀ।

ਸਾਡੇ ਆਪਣੇ ਗਣਰਾਜ ਦੇ ਇਤਿਹਾਸ ਵਿਚ ਇਸ ਕਿਸਮ ਦੇ ਤਿੰਨ ਸ਼ਾਹੀ ਪ੍ਰਧਾਨ ਮੰਤਰੀ ਹੋਏ ਹਨ। ਜਵਾਹਰਲਾਲ ਨਹਿਰੂ, ਇੰਦਰਾ ਗਾਂਧੀ ਅਤੇ ਨਰਿੰਦਰ ਮੋਦੀ। ਇਨ੍ਹਾਂ ਦੀ ਦਿੱਖ ਆਪਣੀ ਪਾਰਟੀ ਤੇ ਸਰਕਾਰ ਨਾਲੋਂ ਵੱਡੀ ਨਜ਼ਰ ਆਉਂਦੀ ਹੈ। ਨਹਿਰੂ ਤੇ ਇੰਦਰਾ ਦੋਵਾਂ ਨੂੰ ਸੱਤਾ ਵਿਚ ਰਹਿੰਦਿਆਂ ਦੇਸ ਦੇ ਸਰਬਉੱਚ ਐਜ਼ਾਜ ਭਾਰਤ ਰਤਨ ਨਾਲ ਨਿਵਾਜਿਆ ਗਿਆ ਸੀ। ਕੀ ਹੁਣ ਮੋਦੀ ਦਾ ਅਗਲਾ ਕਦਮ ਇਹ ਹੋ ਸਕਦਾ ਹੈ ? ਹੈਰਾਨੀ ਇਸ ਗੱਲ ਦੀ ਹੈ ਕਿ ਜਦੋਂ ਸਰਦਾਰ ਵੱਲਭਭਾਈ ਪਟੇਲ ਦੇ ਨਾਂ ਵਾਲੇ ਸਟੇਡੀਅਮ ਦਾ ਨਾਂ ਬਦਲ ਕੇ ਨਰਿੰਦਰ ਮੋਦੀ ਦੇ ਨਾਂ 'ਤੇ ਰੱਖਣ ਦਾ ਸਮਾਗਮ ਹੋ ਰਿਹਾ ਸੀ ਤਾਂ ਇਸ ਦੀ ਪ੍ਰਧਾਨਗੀ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਕਰ ਰਹੇ ਸਨ। ਕੀ ਇਹ 2022 ਜਾਂ 2023 ਵਿਚ ਰਾਸ਼ਟਰਪਤੀ ਕੋਵਿੰਦ ਵੱਲੋਂ ਮੋਦੀ ਨੂੰ ਭਾਰਤ ਰਤਨ ਨਾਲ ਨਿਵਾਜਣ ਦੀ ਅਗਾਊਂ ਝਲਕ ਹੈ ?

ਦੋ ਕਾਰਨ ਹਨ ਜਿਨ੍ਹਾਂ ਕਰਕੇ ਮੈਨੂੰ ਇਸ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ। ਪਹਿਲਾ, ਮੋਦੀ ਆਪਣੇ ਪੂਰਬਲੇ ਪ੍ਰਧਾਨ ਮੰਤਰੀਆਂ ਨਾਲੋਂ ਗਿਣ-ਮਿੱਥ ਕੇ ਵੱਖਰਾ ਨਜ਼ਰ ਆਉਣਾ ਚਾਹੁੰਦੇ ਹਨ ਤੇ ਉਹ ਇਸ ਮਾਮਲੇ 'ਚ ਵੀ ਇੰਜ ਹੀ ਕਰਨਗੇ। ਦੂਜਾ, ਉਨ੍ਹਾਂ ਦੀਆਂ ਆਪਣੇ ਲਈ ਖ਼ਾਹਿਸ਼ਾਂ ਬਹੁਤ ਜ਼ਿਆਦਾ ਵੱਡੀਆਂ ਹਨ। ਬਹਰਹਾਲ, ਮੋਦੀ ਇਸ ਨਾਲੋਂ ਕੁਝ ਜ਼ਿਆਦਾ ਦਰਸ਼ਨੀ ਕੰਮ ਕਰਨਗੇ। ਉਹ ਬੇਪਨਾਹ ਧਨ ਖਰਚ ਕਰ ਕੇ ਵਿਸ਼ਾਲ ਪੱਧਰ 'ਤੇ ਭਾਰਤ ਦੀ ਰਾਜਧਾਨੀ ਦਾ ਹੀ ਨਕਸ਼ਾ ਬਦਲਣਗੇ।

ਪਾਠਕਾਂ ਨੂੰ ਚੇਤੇ ਹੋਵੇਗਾ ਕਿ ਮਈ 2014 ਵਿਚ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਨਰਿੰਦਰ ਮੋਦੀ ਨੇ ਲੋਕ ਸਭਾ ਵਿਚ ਕਿਹਾ ਸੀ ਕਿ ਉਸ ਦਾ ਟੀਚਾ ਬਾਰ੍ਹਾਂ ਸੌ ਸਾਲਾਂ ਦੀ ਗ਼ੁਲਾਮੀ ਨੂੰ ਖ਼ਤਮ ਕਰਨਾ ਹੈ। ਉਸ ਵੇਲੇ ਇਕ ਯੁਵਾ ਲੇਖਕ ਨੇ ਮੈਨੂੰ ਦੱਸਿਆ ਸੀ ਕਿ ਮੋਦੀ ਦਾ ਇਹ ਸਮੁੱਚਾ ਬਿਆਨ ਉਨ੍ਹਾਂ ਦੀਆਂ ਗਹਿਰੀਆਂ ਸਿਆਸੀ ਤੇ ਜ਼ਾਤੀ ਖ਼ਾਹਿਸ਼ਾਂ ਦਾ ਖੁਲਾਸਾ ਕਰਦਾ ਹੈ। ਮੋਦੀ ਦੀ ਸੋਚ ਸੀ ਕਿ ਹਿੰਦੂ ਲੰਮੇ ਸਮੇਂ ਤੋਂ ਵਿਦੇਸ਼ੀਆਂ ਦੇ ਗ਼ੁਲਾਮ ਰਹੇ ਹਨ। ਉਹ ਹੁਣ ਉਨ੍ਹਾਂ ਦਾ ਮਾਣ ਸਨਮਾਨ ਵਾਪਸ ਦਿਵਾਉਣ ਲਈ ਆ ਗਿਆ ਹੈ। ਮੇਰੇ ਉਸ ਮਿੱਤਰ ਨੇ ਕਿਹਾ ਸੀ ਕਿ ਇਸ ਮੁੱਦੇ ਨੂੰ ਇਸ ਤਰ੍ਹਾਂ ਘੜ ਕੇ ਮੋਦੀ ਇਹ ਦਰਸਾ ਰਿਹਾ ਹੈ ਕਿ ਉਹ ਪਹਿਲਾ ਹਿੰਦੂ ਸ਼ਾਸਕ ਹੈ ਜਿਸ ਨੇ ਸਫ਼ਲਤਾਪੂਰਬਕ ਦੇਸ ਨੂੰ ਇਕਜੁੱਟ ਕਰ ਦਿੱਤਾ ਹੈ। ਆਪਣੀ ਸਾਰੀ ਲਾਸਾਨੀ ਬਹਾਦਰੀ ਦੇ ਬਾਵਜੂਦ ਸ਼ਿਵਾਜੀ ਅਤੇ ਪ੍ਰਿਥਵੀਰਾਜ ਇਸ ਉਪ ਮਹਾਂਦੀਪ ਦੇ ਛੋਟੇ ਜਿਹੇ ਹਿੱਸਿਆਂ 'ਤੇ ਹੀ ਕਾਬਜ਼ ਹੋ ਸਕੇ ਸਨ। ਭੂਗੋਲਿਕ ਅਤੇ ਰਾਜਸੀ ਲਿਹਾਜ਼ ਤੋਂ ਉਹ ਬੋਧੀ ਅਸ਼ੋਕ ਮਹਾਨ ਅਤੇ ਮੁਸਲਮਾਨ ਮੁਗ਼ਲ ਸਮਰਾਟਾਂ ਜਾਂ ਈਸਾਈ ਬਰਤਾਨਵੀਆਂ ਦੇ ਨੇੜੇ ਤੇੜੇ ਵੀ ਨਹੀਂ ਢੁਕ ਸਕੇ ਸਨ। ਪ੍ਰਧਾਨ ਮੰਤਰੀ ਮੋਦੀ ਹਿੰਦੂਆਂ ਨੂੰ ਉਹ ਹੱਕ ਦਿਵਾਉਣਗੇ ਜੋ ਸ਼ਿਵਾਜੀ ਅਤੇ ਪ੍ਰਿਥਵੀਰਾਜ ਨਹੀਂ ਦਿਵਾ ਸਕੇ ਸਨ।

ਆਪਣੀ ਮਹੱਤਤਾ ਦਾ ਐਲਾਨ ਕਰਨ, ਆਪਣੀ ਸ਼੍ਰੇਸ਼ਠਤਾ ਦਾ ਡੰਕਾ ਵਜਾਉਣ ਅਤੇ ਆਪਣੀ ਪ੍ਰਭੁਸੱਤਾ ਦ੍ਰਿੜ੍ਹਾਉਣ ਵਾਸਤੇ ਰਾਜੇ ਅਕਸਰ ਆਪਣੇ ਲਈ ਨਵੀਆਂ ਰਾਜਧਾਨੀਆਂ ਦਾ ਨਿਰਮਾਣ ਕਰਵਾਉਂਦੇ ਸਨ। ਜਦੋਂ ਨਰਿੰਦਰ ਸ਼ਾਹ ਨੇ ਗੜ੍ਹਵਾਲ ਵਿਚ ਆਪਣੀ ਨਵੀਂ ਰਾਜਧਾਨੀ ਬਣਵਾਈ ਸੀ ਤਾਂ ਉਹ ਦੇਸ ਅਤੇ ਦੁਨੀਆ ਦੇ ਬਹੁਤ ਸਾਰੇ ਰਾਜਿਆਂ ਦੇ ਹੀ ਨਕਸ਼ੇ-ਕਦਮ 'ਤੇ ਹੀ ਚੱਲ ਰਹੇ ਸਨ। ਦਰਅਸਲ, ਨਰਿੰਦਰਨਗਰ ਦੇ ਨਿਰਮਾਣ ਦੇ ਫ਼ੈਸਲੇ ਤੋਂ ਕੁਝ ਸਾਲ ਪਹਿਲਾਂ ਇੰਗਲੈਂਡ ਦੇ ਸਮਰਾਟ ਜੌਰਜ ਪੰਚਮ ਨੇ ਐਲਾਨ ਕੀਤਾ ਸੀ ਕਿ ਬਰਤਾਨਵੀ ਭਾਰਤ ਲਈ ਇਕ ਨਵੀਂ ਰਾਜਧਾਨੀ ਦੀ ਲੋੜ ਹੈ। ਹੁਣ ਕਲਕੱਤੇ ਤੋਂ ਸਰਕਾਰ ਨਹੀਂ ਚੱਲੇਗੀ ਸਗੋਂ ਉਪ ਮਹਾਂਦੀਪ ਵਿਚ ਬਰਤਾਨਵੀ ਸੱਤਾ ਦਾ ਧੁਰਾ ਹੁਣ ਉੱਤਰ ਦਾ ਰੁਖ਼ ਕਰੇਗਾ। ਦਿੱਲੀ ਦੇ ਪੁਰਾਣੇ ਸ਼ਹਿਰ ਤੋਂ ਦੱਖਣ ਵੱਲ ਪੈਂਦੇ ਪਿੰਡਾਂ ਦੀਆਂ ਜ਼ਮੀਨਾਂ ਐਕੁਆਇਰ ਕੀਤੀਆਂ ਗਈਆਂ ਤੇ ਬਰਤਾਨਵੀ ਸਾਮਰਾਜੀਆਂ ਨੇ ਇਕ ਨਵਾਂ ਵਿਸ਼ਾਲ ਸ਼ਹਿਰ ਉਸਾਰ ਦਿੱਤਾ ਜੀਹਦੇ 'ਚੋਂ ਉਨ੍ਹਾਂ ਦੇ ਹਉਂ ਦਾ ਅਕਸ ਝਲਕਦਾ ਸੀ।

ਅੰਗਰੇਜ਼ਾਂ ਤੋਂ ਤਿੰਨ ਸਦੀਆਂ ਪਹਿਲਾਂ ਮੁਗ਼ਲ ਸਲਤਨਤ ਨੇ ਵੀ ਇਸੇ ਤਰ੍ਹਾਂ ਆਪਣੀ ਰਾਜਧਾਨੀ ਤਬਦੀਲ ਕਰਨ ਦਾ ਫ਼ੈਸਲਾ ਕੀਤਾ ਸੀ। ਮੁਗ਼ਲ ਖ਼ਾਨਦਾਨ ਦੇ ਪੰਜਵੇਂ ਬਾਦਸ਼ਾਹ ਸ਼ਾਹਜਹਾਂ ਨੇ ਆਪਣੀ ਰਾਜਧਾਨੀ ਆਗਰਾ ਤੋਂ ਦਿੱਲੀ ਲੈ ਆਂਦੀ ਸੀ। ਉਸ ਨੇ ਖ਼ੁਦ ਆਪਣੀ ਨਿਗਰਾਨੀ ਹੇਠ ਕਈ ਸ਼ਾਨਦਾਰ ਇਮਾਰਤਾਂ ਦਾ ਨਿਰਮਾਣ ਕਰਵਾਇਆ ਸੀ ਜਿਨ੍ਹਾਂ 'ਚੋਂ ਕੁਝ ਅੱਜ ਵੀ ਖੜ੍ਹੀਆਂ ਹਨ। ਇਕ ਵਾਰ ਜਦੋਂ ਸਭ ਠੀਕ-ਠਾਕ ਸਿਰੇ ਚੜ੍ਹ ਗਿਆ ਅਤੇ ਆਪਣੇ ਕੰਮ ਤੋਂ ਸੰਤੁਸ਼ਟ ਹੋ ਗਿਆ ਤਾਂ ਉਸ ਨੇ ਸ਼ਹਿਰ ਦਾ ਨਾਂ ਬਦਲ ਕੇ ਆਪਣੇ ਨਾਂ 'ਤੇ ਰੱਖ ਦਿੱਤਾ। ਲੋਕ ਉਸ ਨੂੰ ਸ਼ਾਹਜਹਾਂਬਾਦ ਆਖਣ ਲੱਗ ਪਏ।

ਸਤਾਰਵੀਂ ਅਤੇ ਅਠਾਰਵੀਂ ਸਦੀ ਦੀ ਦਿੱਲੀ ਦੇ ਨਵੇਂ ਇਤਿਹਾਸ 'ਦਿ ਕਿੰਗ ਐਂਡ ਦਿ ਪੀਪਲ' ਵਿਚ ਅਭਿਸ਼ੇਕ ਕਾਇਕਰ ਲਿਖਦੇ ਹਨ: 'ਸਾਰੇ ਮੁਗ਼ਲ ਬਾਦਸ਼ਾਹਾਂ 'ਚੋਂ ਸ਼ਾਹਜਹਾਂ ਦਾ ਕੋਈ ਸਾਨੀ ਨਹੀਂ ਹੈ ਜਿਸ ਨੇ ਆਪਣੀ ਨਿਰਮਾਣਸਾਜ਼ੀ ਵਿਚ ਪ੍ਰਭੂਤਾ ਦਾ ਬਿਆਨੀਆ ਸਾਕਾਰ ਕੀਤਾ ਸੀ।' ਸ਼ਾਹਜਹਾਂ ਨੇ ਇਹ ਯਕੀਨੀ ਬਣਾਉਣ ਲਈ ਬਹੁਤ ਤਰੱਦਦ ਕੀਤਾ ਕਿ ਜਦੋਂ ਉਹ ਆਪਣੇ ਮਹਿਲ ਦੇ ਬਨੇਰਿਆਂ ਤੋਂ ਦਰਸ਼ਨ ਦੇਣ ਤਾਂ ਉਸ ਦੀ ਪਰਜਾ ਸਾਹਮਣੇ ਉਸ ਦੀ ਇਕ ਦੈਵੀ ਜਾਂ ਅਲੌਕਾਰੀ ਮੂਰਤ ਉਭਰ ਕੇ ਸਾਹਮਣੇ ਆ ਸਕੇ; ਉਸ ਦੀ ਤਸਵੀਰ 'ਚੋਂ ਉਸ ਕਿਸਮ ਦੀ ਸੁਨਹਿਰੀ ਆਭਾ ਉੱਭਰੇ ਜਿਵੇਂ ਸਵੇਰ ਦੇ ਸੂਰਜ ਦੀ ਟਿੱਕੀ 'ਚੋਂ ਨਜ਼ਰ ਪੈਂਦੀ ਹੈ।

ਸ਼ਾਹਜਹਾਂ ਵਾਂਗ ਹੀ ਨਰਿੰਦਰ ਮੋਦੀ ਆਪਣੇ ਲਿਬਾਸ ਅਤੇ ਹੋਰ ਨਿੱਜੀ ਸਾਜ਼ੋ-ਸਾਮਾਨ ਦਾ ਬਹੁਤ ਜ਼ਿਆਦਾ ਖਿਆਲ ਰੱਖਦੇ ਹਨ। ਉਨ੍ਹਾਂ ਦਾ ਲਿਬਾਸ, ਮੁਦਰਾ ਅਤੇ ਤਸਵੀਰ ਖਿਚਵਾਉਣ ਲਈ ਬੈਕਗਰਾਊਂਡ- ਸਭ ਕੁਝ ਐਨ ਮੌਕੇ ਮੁਤਾਬਿਕ ਤਿਆਰ-ਬਰ-ਤਿਆਰ ਹੋਣਾ ਚਾਹੀਦਾ ਹੈ। ਤੇ ਜਿਵੇਂ ਮੋਦੀ ਨੂੰ ਤਕਨੀਕ ਦਾ ਸਹਾਰਾ ਮਿਲ ਰਿਹਾ, ਇਸ ਪੱਖੋਂ ਉਹ ਸ਼ਾਹਜਹਾਂ ਨਾਲੋਂ ਵੀ ਜ਼ਿਆਦਾ ਖ਼ੁਸ਼ਨਸੀਬ ਹਨ। ਮੱਧਯੁੱਗ ਦੇ ਇਕ ਸ਼ਹਿਨਸ਼ਾਹ ਨੂੰ ਡਰਾਮਈ ਅਸਰ ਪਾਉਣ ਲਈ ਨਿੱਜੀ ਤੌਰ 'ਤੇ ਹਾਜ਼ਰ ਹੋਣਾ ਪੈਂਦਾ ਸੀ ਜਦੋਂਕਿ ਇਕ ਉੱਤਰ-ਆਧੁਨਿਕ ਤਾਨਾਸ਼ਾਹ ਹਰ ਭਾਰਤੀ ਜਿਊੜੇ ਤੱਕ ਆਪਣੀ ਮਨਭਾਉਂਦੀ ਤਸਵੀਰ ਪੇਸ਼ ਕਰਨ ਲਈ ਰੇਡੀਓ, ਟੈਲੀਵਿਜ਼ਨ, ਅਖ਼ਬਾਰਾਂ, ਵੈੱਬਸਾਈਟਾਂ, ਵਟਸਐਪ, ਇੰਸਟਾਗ੍ਰਾਮ ਆਦਿ ਦਾ ਇਸਤੇਮਾਲ ਕਰ ਸਕਦਾ ਹੈ।

ਨਰਿੰਦਰ ਮੋਦੀ ਜਿਵੇਂ ਆਪਣੇ ਸਿਆਸੀ ਸਹਿਯੋਗੀਆਂ ਤੇ ਸਿਆਸੀ ਵਿਰੋਧੀਆਂ ਨਾਲ ਸਲੂਕ ਕਰਦੇ ਹਨ, ਜਨਤਕ ਤੌਰ 'ਤੇ ਜਿਵੇਂ ਉਹ ਆਪਣੇ ਆਪ ਨੂੰ ਪੇਸ਼ ਕਰਦੇ ਹਨ, ਸੰਸਦ ਵਿਚ ਜਿਵੇਂ ਉਹ ਬਹਿਸ ਪ੍ਰਤੀ ਤਿਰਸਕਾਰ ਵਿਖਾਉਂਦੇ ਹਨ ਅਤੇ ਜਿਵੇਂ ਇਕ ਵਾਰ ਵੀ ਪ੍ਰੈਸ ਕਾਨਫਰੰਸ ਕਰਨ ਤੋਂ ਇਨਕਾਰੀ (ਪਤਾ ਨਹੀਂ ਕਿ ਇਹ ਉਨ੍ਹਾਂ ਦਾ ਜਮਾਂਦਰੂ ਤਿਰਸਕਾਰ ਹੈ ਜਾਂ ਫਿਰ ਉਹ ਇੰਨੇ ਕਾਇਰ ਹਨ) ਹੁੰਦੇ ਹਨ, ਉਸ ਨੂੰ ਵੇਖਦਿਆਂ ਪ੍ਰਧਾਨ ਮੰਤਰੀ ਦੇ ਤੌਰ 'ਤੇ ਉਨ੍ਹਾਂ ਦੇ ਚਾਲ-ਚਲਣ 'ਚੋਂ ਦਬੰਗਪੁਣਾ ਝਲਕਦਾ ਹੈ। ਅਤੀਤ ਦੇ ਸ਼ਹਿਨਸ਼ਾਹਾਂ ਦੀ ਤਰ੍ਹਾਂ ਮਨ ਕੀ ਬਾਤ ਜਿਹੇ ਉਨ੍ਹਾਂ ਦੇ ਸਾਰੇ ਦੇ ਸਾਰੇ ਪ੍ਰਯੋਜਨ 21ਵੀਂ ਸਦੀ ਦੇ ਸ਼ਾਹੀ ਫ਼ਰਮਾਨ ਜਾਪਦੇ ਹਨ। ਉਨ੍ਹਾਂ ਦੀ ਤਰ੍ਹਾਂ ਹੀ ਉਹ ਸਿਆਸੀ ਸੱਤਾ ਦੇ ਧੁਰੇ ਦੀ ਨਿਰਮਾਣ-ਕਲਾ ਤਬਦੀਲ ਕਰਨ ਦੇ ਆਹਰ ਵਿਚ ਜੁਟੇ ਹੋਏ ਨਜ਼ਰ ਆਉਂਦੇ ਹਨ। ਅਹਿਮਦਾਬਾਦ ਦੇ ਇਕ ਸਟੇਡੀਅਮ ਦਾ ਨਾਂ ਬਦਲਣ ਜਾਂ ਫਿਰ ਭਾਰਤ ਰਤਨ ਦਾ ਖ਼ਿਤਾਬ ਹਾਸਲ ਹੋ ਜਾਣ ਨਾਲ ਉਨ੍ਹਾਂ ਦੀ ਹਰਗਿਜ਼ ਤਸੱਲੀ ਨਹੀਂ ਹੋਵੇਗੀ।

**ਲੇਖਕ : ਰਾਮਚੰਦਰ ਗੁਹਾ**

Solid like a Rock

# Looking to Buy/Sell ?

We know the difference between Home & House

## Honesty, Integrity & Experience



Specializing in Investment & Income Producing Real Estate

# Nlight Real Estate

Tel:516 NLIGHT8

REALTOR MLS EQUAL HOUSING OPPORTUNITY



Sharanjit Singh Thind
Real Estate Broker/Notary Public



Since 2007

180 Broadway, PH 3A, Hicksville NY 11801
Email: homes@nlightrealestate.com
www.nlightrealestate.com


Delivering News,
Uncomprimised
& Unbiased for the
Last 16 years
Some Call us a Media House, others Call us an Institution to learn from
ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
Punjabi Duniya Since April 2005 Punjabi Duniya.Com LLC
Email : punjabiduniya@gmail.com, Web : www.punjabiduniya.com
The South Asian
INSIDER
Published Weekly from New York
Regd. & Mailing Office : P.O. Box 7005, Hicsville New York 11801
www.thesouthasianinfo, www.joshindiatv.com wwwpunjabiduniya.com
Phone : 917-612-3158